



# ਫ਼ੈਸਲਾ


Ursula Nafula
Vusi Malindi
Anu Gill

Punjabi
Level 2




ਮੇਰੇ ਪਿੰਡ ਵਿੱਚ ਬਹੁਤ ਸਾਰੀਆਂ ਸਮੱਸਿਆਵਾਂ ਸਨ।। ਅਸੀਂ ਇੱਕ ਟੂਟੀ ਤੋਂ ਪਾਣੀ ਲਿਆਉਣ ਲਈ ਲੰਬੀ ਲਾਈਨ ਬਣਾਉਂਦੇ ਸੀ।



ਅਸੀਂ ਹੋਰਾਂ ਦੇ ਦਾਨ ਕੀਤੇ ਭੋਜਨ ਦੀ ਉਡੀਕ ਕਰਦੇ ਸੀ।




ਅਸੀਂ ਚੋਰਾਂ ਕਰਕੇ ਆਪਣੇ ਘਰ ਨੂੰ ਸਦੇਹਾਂ ਜਿੰਦਰਾ ਲਾ ਲੈਂਦੇ ਸੀ।




ਕਈ ਬੱਚੇ ਸਕੂਲ ਜਾਣਾਂ ਛੱਡ ਦਿੰਦੇ ਸਨ।




ਨੌਜਵਾਨ ਕੁੜੀਆਂ ਹੋਰ ਪਿੰਡਾਂ ਵਿੱਚ ਨੌਕਰ ਦਾ ਕੰਮ ਕਰਦੀਆਂ ਸਨ।




ਨੌਜਵਾਨ ਮੁੰਡੇ ਪਿੰਡ ਦੇ ਆਲੇ-ਦੁਆਲੇ ਘੁੰਮਦੇ, ਜਦਕਿ ਹੋਰ ਲੋਕ ਖੇਤਾਂ ਵਿੱਚ ਕੰਮ ਕਰਦੇ ਸਨ।



ਜਦ ਹਵਾ ਵਗਦੀ, ਕਚਰੇ ਦੇ ਕਾਗਜ਼ ਰੁੱਖਾਂ ਅਤੇ ਬਾੜਾਂ ਤੇ ਅਟਕ ਜਾਂਦੇ ਸਨ।




ਲੋਕੀ ਟੁੱਟੇ ਕੱਚ ਤੋਂ ਕੱਟ ਜਾਂਦੇ ਜੋ ਲਾਪਰਵਾਹੀ ਨਾਲ ਸੁੱਟਿਆ ਹੁੰਦਾ ਸੀ।




ਫਿਰ ਇੱਕ ਦਿਨ, ਟੂਟੀ ਸੁੱਕ ਗਈ ਅਤੇ ਸਾਡੇ ਕੰਟੇਨਰ ਖਾਲੀ ਹੋ ਗਏ।



ਮੇਰੇ ਪਿਤਾ ਜੀ ਘਰ ਘਰ ਲੋਕਾਂ ਨੂੰ ਪਿੰਡ ਦੀ ਮੀਟਿੰਗ ਵਿੱਚ ਹਾਜ਼ਰ ਹੋਣ ਲਈ ਸੱਦਣ ਗਏ।



ਲੋਕੀ ਇੱਕ ਵੱਡੇ ਦਰਖ਼ਤ ਹੇਠ ਇਕੱਠੇ ਹੋਕੇ ਗੱਲ ਸੁਣਨ ਲਗੇ।



ਮੇਰੇ ਪਿਤਾ ਜੀ ਖੜ੍ਹੇ ਹੋਕੇ ਬੋਲੇ, “ਸਾਨੂੰ ਆਪਣੀਆਂ ਸਮੱਸਿਆਵਾਂ ਦਾ ਹੱਲ ਕੱਡਣ ਲਈ ਮਿਲ ਕੇ ਕੰਮ ਕਰਨ ਦੀ ਲੋੜ ਹੈ।”



ਅੱਠ ਸਾਲ ਦੀ ਜੂਮਾ, ਇੱਕ ਰੁੱਖ ਦੇ ਤਣੇ 'ਤੇ ਬੈਠੀ ਚੀਕੀ "ਮੈਂ ਸਫਾਈ ਦੇ ਨਾਲ ਮਦਦ ਕਰ ਸਕਦੀ ਹਾਂ।"



ਇੱਕ ਔਰਤ ਨੇ ਕਿਹਾ, “ਔਰਤਾਂ ਮੇਰੇ ਨਾਲ ਸ਼ਾਮਲ ਹੋਕੇ ਭੋਜਨ ਉਗਾ ਸਕਦੀਆਂ ਹਨ।”



ਇੱਕ ਹੋਰ ਆਦਮੀ ਨੇ ਖੜ੍ਹ ਕੇ ਕਿਹਾ, “ਮਨੁੱਖ ਖੂਹ ਖੋਦਣਗੇ।”



ਸਭ ਨੇ ਇੱਕ ਅਵਾਜ਼ ਵਿੱਚ ਚੀਕਿਆ, “ਸਾਨੂੰ ਸਾਡੀ ਜ਼ਿੰਦਗੀ ਨੂੰ ਬਦਲ ਦੇਣਾ ਚਾਹੀਦਾ ਹੈ।” ਉਸ ਦਿਨ ਤੋਂ, ਅਸੀਂ ਆਪਣੀਆਂ ਸਮੱਸਿਆਵਾਂ ਦਾ ਹੱਲ ਕੱਢਣ ਲਈ ਮਿਲ ਕੇ ਕੰਮ ਕੀਤਾ।

# Storybooks Outline

global-asp.github.io/storybooks-outline

## ਫ਼ੈਸਲਾ

Written by: Ursula Nafula
Illustrated by: Vusi Malindi
Translated by: Anu Gill

This story originates from the African Storybook (africanstorybook.org) and is brought to you by Storybooks Outline in an effort to provide children's stories in the world's many languages.

This work is licensed under a Creative Commons
Attribution 4.0 International License.